# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਬਲਾਕ-ਈ, ਛੇਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ:-0172-2212221


ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿੱ),
ਸਮੂਹ SOE ਸਕੂਲ ਮੁੱਖੀ,
ਪੰਜਾਬ।

ਮੀਮੋ ਨੰ : SCERT-EXAM0GENL/7/2023-SDP-SCERT/615441/84-90/395-401
ਮਿਤੀ : ਐਸ.ਏ.ਐਸ ਨਗਰ, 14-05-2024

**ਵਿਸ਼ਾ:- ਅਕਾਦਮਿਕ ਸਾਲ 2024-25 ਲਈ School of Eminence (SOE) ਵਿੱਚ 11ਵੀਂ ਜਮਾਤ ਵਿੱਚ ਦਾਖਲੇ ਅਤੇ ਕਾਊਂਸਲਿੰਗ ਹਿੱਤ ਹਦਾਇਤਾਂ ਸੰਬੰਧੀ।**

5.0 ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਅਕਾਦਮਿਕ ਸਾਲ 2024-25 ਲਈ 118 School of Eminence (SOE) ਵਿੱਚ 11ਵੀ ਜਮਾਤ ਵਿੱਚ ਦਾਖਲੇ ਸੰਬੰਧੀ ਮਿਤੀ 30.03.2024 ਨੂੰ ਪ੍ਰੀਖਿਆ ਕਰਵਾਈ ਗਈ ਸੀ, ਜਿਸ ਦਾ ਜਿਲ੍ਹਾ-ਵਾਈਜ਼ ਨਤੀਜਾ ਮਿਤੀ 27-04-2024 ਨੂੰ ਘੋਸ਼ਿਤ ਕੀਤਾ ਗਿਆ ਹੈ।

6.0 ਇਸ ਪ੍ਰੀਖਿਆ ਵਿੱਚ SOE ਸਕੂਲਾਂ ਅਤੇ both ਦਾ ਆਪਸ਼ਨ ਭਰਨ ਵਾਲੇ ਕੁਆਲੀਫਾਈਡ ਵਿਦਿਆਰਥੀਆਂ ਦਾ SOE-ਵਾਈਜ਼ ਨਤੀਜਾ SOE ਸਕੂਲਾਂ ਦੀ PSEB ਆਈ.ਡੀ ਵਿੱਚ (Excel ਅਤੇ pdf ਕਾਪੀ) ਭੇਜ ਦਿੱਤਾ ਗਿਆ ਹੈ।

7.0 118 SOE ਸਕੂਲਾਂ ਵਿੱਚ 11ਵੀਂ ਜਮਾਤ ਵਿੱਚ ਦਾਖਲੇ ਲਈ ਕਾਊਂਸਲਿੰਗ ਮਿਤੀ 15.05.2024, ਸਵੇਰੇ 8:00 ਵਜੇ ਤੋਂ ਹਰੇਕ SOE ਸਕੂਲ ਵਿਖੇ ਸ਼ੁਰੂ ਕੀਤੀ ਜਾਵੇ।

8.0 ਹਰੇਕ SOE ਸਕੂਲ ਵਿੱਚ 11ਵੀਂ ਜਮਾਤ ਵਿੱਚ ਦਾਖਲੇ ਲਈ ਤਿੰਨ ਕਾਊਂਸਲਿੰਗਾਂ ਕੀਤੀਆਂ ਜਾਣ, ਕਾਊਂਸਲਿੰਗ ਦਾ ਸਮਾਂ-ਸਾਰਣੀ ਨਿਮਨ ਅਨੁਸਾਰ ਹੋਵੇਗਾ :-

ਪਹਿਲੀ ਕਾਊਂਸਲਿੰਗ --- 15 ਮਈ ਤੋਂ 18 ਮਈ
ਦੂਸਰੀ ਕਾਊਂਸਲਿੰਗ--- 20 ਮਈ ਤੋਂ 23 ਮਈ
ਤੀਸਰੀ ਕਾਊਂਸਲਿੰਗ ---27 ਮਈ ਤੋਂ 30 ਮਈ

Scanned with OKEN Scanner

9.0 ਹਰੇਕ SOE ਸਕੂਲ ਵਿੱਚ ਦਾਖਲੇ ਲਈ ਸਕੂਲ ਪ੍ਰਿੰਸੀਪਲ ਵੱਲੋਂ ਕਾਊਂਸਲਿੰਗ ਲਈ ਸਕੂਲ ਵਿੱਚ ਹੇਠ ਦਰਸਾਏ ਅਨੁਸਾਰ ਕਾਊਂਸਲਿੰਗ ਕਮੇਟੀ ਦਾ ਗਠਨ ਕੀਤਾ ਜਾਵੇ:

a. ਸੰਬੰਧਤ SOE ਸਕੂਲ ਪ੍ਰਿੰਸੀਪਲ -- ਚੇਅਰਮੈਨ

b. SOE ਸਕੂਲ ਦੇ ਨਾਲ ਲਗਦੇ ਸੀਨੀਅਰ ਸੈਕੰਡਰੀ ਸਕੂਲ ਦਾ ਪ੍ਰਿੰਸੀਪਲ --ਮੈਂਬਰ ਸਕੱਤਰ

c. ਸਾਇੰਸ ਸਟ੍ਰੀਮ ਦਾ ਇੱਕ ਲੈਕਚਰਾਰ – ਮੈਂਬਰ

d. ਹਿਊਮੈਂਟੀਜ਼ ਸਟ੍ਰੀਮ ਦਾ ਇੱਕ ਲੈਕਚਰਾਰ – ਮੈਂਬਰ

e. ਕਮਰਸ ਸਟ੍ਰੀਮ ਦਾ ਇੱਕ ਲੈਕਚਰਾਰ – ਮੈਂਬਰ

f. SOE ਸਕੂਲ ਦਾ ਕੰਪਿਊਟਰ ਅਧਿਆਪਕ -- ਸੀਟਾਂ ਦਾ ਡਾਟਾ ਅਪਡੇਟ ਕਰਨ ਲਈ

g. SOE ਸਕੂਲ ਦਾ ਕਲਰਕ -- ਫੀਸਾਂ ਸੰਬੰਧੀ

10.0 ਉਕਤ ਕਮੇਟੀ ਦੀ ਪੂਰੀ ਦੇਖ-ਰੇਖ SOE ਸਕੂਲ ਪ੍ਰਿੰਸੀਪਲ ਵੱਲੋਂ ਕੀਤੀ ਜਾਵੇਗੀ ਅਤੇ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਅਤੇ ਉਪ- ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਸਮੇਂ-ਸਮੇਂ ਤੇ ਕਾਊਂਸਲਿੰਗ ਦਾ ਨਿਰੀਖਣ ਕਰਨਗੇ।

11.0 ਜਿਨ੍ਹਾਂ SOE ਸਕੂਲਾਂ ਵਿੱਚ ਹਰੇਕ ਸਟ੍ਰੀਮ ਵਿੱਚ 10 ਜਾਂ 10 ਤੋਂ ਵੱਧ ਵਿਦਿਆਰਥੀ ਦਾਖਲਾ ਲੈਣਗੇ, ਉਹਨਾਂ ਵਿੱਚ ਹੀ 11ਵੀਂ ਕਲਾਸ ਦੀ ਇੱਕ ਸਟ੍ਰੀਮ ਦਾ ਇੱਕ ਸੈਕਸ਼ਨ ਸ਼ੁਰੂ ਕੀਤਾ ਜਾਵੇਗਾ।

12.0 ਹਰੇਕ SOE ਸਕੂਲ ਵਿੱਚ 11ਵੀਂ ਕਲਾਸ ਦੀ ਹਰੇਕ ਸਟ੍ਰੀਮ ਦਾ ਕੇਵਲ ਇੱਕ ਹੀ ਸੈਕਸ਼ਨ ਹੋਵੇਗਾ ਅਤੇ ਹਰੇਕ ਸੈਕਸ਼ਨ ਵਿੱਚ ਘੱਟ ਤੋਂ ਘੱਟ 10 ਵਿਦਿਆਰਥੀ ਅਤੇ ਵੱਧ ਤੋਂ ਵੱਧ 32 ਵਿਦਿਆਰਥੀਆਂ ਦਾ ਦਾਖਲਾ ਕੀਤਾ ਜਾਵੇਗਾ ।

13.0 ਜੇਕਰ ਕਿਸੇ SOE ਸਕੂਲ ਵਿੱਚ ਕਿਸੇ ਸਟ੍ਰੀਮ ਵਿੱਚ 10 ਤੋਂ ਘੱਟ ਕੁਆਲੀਫਾਈਡ ਵਿਦਿਆਰਥੀ ਦਾਖਲ ਹੁੰਦੇ ਹਨ ਤਾਂ ਉਹਨਾਂ ਸਕੂਲਾਂ ਵਿੱਚ 11ਵੀਂ ਕਲਾਸ ਦਾ ਉਸ ਸਟ੍ਰੀਮ ਦਾ ਸੈਕਸ਼ਨ ਸ਼ੁਰੂ ਨਹੀਂ ਕੀਤਾ ਜਾਵੇਗਾ।

14.0 ਹਰੇਕ ਸਟ੍ਰੀਮ ਦੇ ਹਰੇਕ ਸੈਕਸ਼ਨ ਵਿੱਚ ਦਾਖਲੇ ਲਈ 32 ਵਿਦਿਆਰਥੀਆਂ ਦੀ ਚੋਣ ਮੈਰਿਟ ਦੇ ਆਧਾਰ ਤੇ ਅਤੇ ਨਾਲ ਨੱਥੀ ਸੀਟ ਰਿਜ਼ਰਵੇਸ਼ਨ matrix ਅਨੁਸਾਰ ਕੀਤੀ ਜਾਵੇਗੀ।

15.0 ਜਿਨ੍ਹਾਂ SOE ਸਕੂਲਾਂ ਵਿੱਚ ਸੀਟਾਂ ਭਰਨ ਕਾਰਨ ਕੁਆਲੀਫਾਈਡ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਮਿਲਦਾ ਅਤੇ ਵਿਦਿਆਰਥੀ SOE ਸਕੂਲਾਂ ਵਿੱਚ ਪੜ੍ਹਨ ਦੇ ਇੱਛੁਕ ਹਨ, ਅਜਿਹੇ ਵਿਦਿਆਰਥੀ ਆਪਣੀ ਸੁਵਿਧਾ ਅਨੁਸਾਰ ਨੇੜਲੇ SOE ਸਕੂਲਾਂ ਵਿੱਚ, ਜੇਕਰ ਸੀਟਾਂ ਉਪਲੱਬਧ ਹੋਣ, ਦਾਖਲਾ ਲੈਣ ਦੇ ਯੋਗ ਹੋਣਗੇ।

Scanned with OKEN Scanner

16.0 ਜਿਹੜੇ ਕੁਆਲੀਫਾਈਡ ਵਿਦਿਆਰਥੀ SOE ਸਕੂਲਾਂ ਵਿੱਚ 11ਵੀਂ ਜਮਾਤ ਵਿੱਚ ਦਾਖਲਾ ਲੈਣਗੇ, ਉਹਨਾਂ ਲਈ ਫੀਸ/ਫੰਡ ਬਾਕੀ ਸਰਕਾਰੀ ਸਕੂਲਾਂ ਵਿੱਚ 11ਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਵਾਲੇ ਹੀ ਹੋਣਗੇ।

ਨੱਥੀ : 1. ਸਕੂਲ-ਵਾਈਜ਼ ਵਿਦਿਆਰਥੀਆਂ ਦਾ ਦਾਖਲਾ
ਰਿਜ਼ਰਵੇਸ਼ਨ matrix ਅਨੁਸਾਰ ਸੀਟਾਂ ਦੀ ਵੰਡ।

ਅਮਨਿੰਦਰ ਕੌਰ,ਪੀ.ਸੀ.ਐਸ.

ਡਾਇਰੈਕਟਰ, ਐਸ.ਸੀ.ਈ.ਆਰ.ਟੀ. ਪੰਜਾਬ।

ਪਿੱਠ ਅੰਕਣ ਨੰ.: ਉਕਤ/84 - 90/395-401 ਮਿਤੀ:- ਐਸ.ਏ.ਐਸ. ਨਗਰ, 14-05-2024

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ,
2. ਪੀ.ਏ. ਟੂ ਸਪੈਸ਼ਲ ਸਕੱਤਰ ਸਕੂਲ ਸਿੱਖਿਆ, ਪੰਜਾਬ,
3. ਪੀ.ਏ. ਟੂ ਡੀ.ਜੀ.ਐਸ.ਈ., ਪੰਜਾਬ,
4. ਪੀ.ਏ. ਟੂ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।
5. ਸਮੂਹ ਸਕੂਲ ਮੁੱਖੀਆਂ ਨੂੰ ਦਾਖਲਾ ਪ੍ਰਵੇਸ਼ ਪ੍ਰੀਖਿਆ ਵਿੱਚ ਕੁਆਲੀਫਾਈਡ ਵਿਦਿਆਰਥੀਆਂ ਨੂੰ SOE ਸਕੂਲਾਂ ਵਿੱਚ ਦਾਖਲਾ ਲੈਣ ਲਈ ਉਤਸ਼ਾਹਿਤ ਕਰਨ ਅਤੇ ਦਾਖਲਾ ਲੈਣ ਹਿੱਤ ਹਦਾਇਤ ਕੀਤੀ ਜਾਂਦੀ ਹੈ। ਕੋਈ ਸਕੂਲ ਮੁੱਖੀ ਜੇਕਰ ਕੁਆਲੀਫਾਈਡ ਵਿਦਿਆਰਥੀਆਂ ਨੂੰ SOE ਸਕੂਲਾਂ ਵਿੱਚ ਦਾਖਲਾ ਲੈਣ ਤੋਂ ਰੋਕਣ ਦਾ ਯਤਨ ਕਰਦਾ ਪਾਇਆ ਗਿਆ ਤਾਂ ਉਸ ਵਿਰੁੱਧ ਬਣਦੀ ਕਾਰਵਾਈ ਆਰੰਭੀ ਜਾਵੇਗੀ।

ਸਹਾਇਕ ਡਾਇਰੈਕਟਰ

ਐਸ.ਸੀ.ਈ.ਆਰ.ਟੀ. ਪੰਜਾਬ।

Scanned with OKEN Scanner